ਪੰਜਾਬ ਸਰਕਾਰ
ਸਥਾਨਕ ਸਰਕਾਰ, ਵਿਭਾਗ
(ਲੇਖਾ ਸਾਖਾ)

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਖੰਨਾ।

ਨੰ: ਲੇਖਾ-6-ਉਕਵਲ-ਡਸਸ-(45)-16/ 29519
ਮਿਤੀ: 23-6-16

ਵਿਸ਼ਾ:- ਨਗਰ ਕੌਂਸਲ, ਖੰਨਾ ਦਾ ਬਜਟ ਸਾਲ 2016-17 ਸਬੰਧੀ।

********

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਉਕਤ ਸਥਾਨਕ ਸੰਸਥਾ ਦਾ ਬਜਟ ਅਨੁਮਾਨ ਸਾਲ 2016-17 ਇਸ ਵਿਭਾਗ ਵਿਖੇ ਪ੍ਰਵਾਨਗੀ ਲਈ ਪ੍ਰਾਪਤ ਹੋਇਆ ਹੈ। ਸਥਾਨਕ ਸੰਸਥਾਂ ਵੱਲੋਂ ਸਾਲ 2016-17 ਲਈ ਅਸਲ ਆਮਦਨ ਅਤੇ ਖਰਚਾ ਹੇਠ ਅਨੁਸਾਰ ਦਰਸਾਇਆ ਗਿਆ ਹੈ :-

ਬਜਟ ਐਸਟੀਮੇਟ (2016-17) (ਰਕਮ ਲੱਖਾਂ ਵਿੱਚ)

| ਆਮਦਨ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2016 ਨੂੰ ਮੁੱਢਲਾ ਬਕਾਇਆ (ਕੈਸ਼ ਬੁੱਕ ਅਨੁਸਾਰ) | 282.13 |
| ਸਾਲ 2016-17 ਲਈ ਆਮਦਨ | 3573.15 |
| **ਕੁਲ** | **3855.28** |
| **ਖਰਚਾ** | |
| ੳ) ਅਮਲਾ : ਕੇਵਲ ਮੌਜੂਦਾ ਪੋਸਟਾਂ ਅਤੇ ਏਰੀਅਰ ਲਈ / ਪੈਨਸ਼ਨ ਕੰਟਰੀਬਿਊਸ਼ਨ / ਰਿਟਾਇਰਮੈਂਟ ਬੈਨੀਫਿਟ/ ਗਰੈਚੂਟੀ ਅਤੇ ਲੀਵ ਇੰਨਕੈਸਮੈਂਟ ਆਦਿ | 1655.15 |
| ਅ) ਕੰਟੀਜੈਂਸੀ: | 110.00 |
| ੲ) ਵਿਕਾਸ ਦੇ ਕੰਮਾਂ ਲਈ: ਕਮਿਟਡ : 866.20<br>ਨਾਨ ਕਮਿਟਡ : 942.10 | 1808.30 |
| **ਕੁਲ** | **3573.45** |
| ਮਿਤੀ 31/3/2017 ਲਈ ਅੰਤਿਮ ਬਕਾਇਆ | 281.83 |
| **ਕੁਲ** | **3855.28** |

ਆਮਦਨ- ਇਸ ਮੱਦ ਅਧੀਨ ਸਾਲ 2016-17 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ 3573.15 ਲੱਖ ਰੁਪਏ ਪ੍ਰਵਾਨ ਕੀਤੀ ਜਾਂਦੀ ਹੈ -

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਹਾਊਸ ਟੈਕਸ | 375.00 |
| ਵੈਟ | 2450.00 |
| ਬਿਜਲੀ ਤੋ ਚੂੰਗੀ | 200.00 |
| ਐਕਸਾਈਜ ਡਿਊਟੀ | 135.00 |
| ਵਾਟਰ / ਸੀਵਰੇਜ | 100.00 |
| ਰੈਂਟ/ਤਹਿਬਜਾਰੀ | 40.00 |
| ਬਿਲਡਿੰਗ ਐਪਲੀਕੇਸ਼ਨ ਫੀਸ | 100.00 |
| ਬੱਸ ਅੱਡਾ /ਲਾਇਸੰਸ ਫੀਸ | 35.00 |
| ਅਦਰਜ | 120.00 |
| ਅਡਵਰਟਾਈਜਮੈਂਟ/ਸ਼ੋ/ਮਨੋਰੰਜਨ ਟੈਕਸ | 18.15 |
| **ਕੁਲ ਜੋੜ** | **3573.15** |

ਖਰਚਾ:

ਅਮਲਾ: ਅਮਲਾ ਹੈਡ ਅਧੀਨ 1655.15 ਲੱਖ ਰੁਪਏ ਪ੍ਰਵਾਨ ਕੀਤੇ ਜਾਂਦੇ ਹਨ। ਬਜਟ ਵਿੱਚ ਖਾਲੀ ਪੋਸਟਾਂ ਦਾ ਖਰਚਾ ਪ੍ਰਵਾਨ ਨਹੀਂ ਕੀਤਾ ਗਿਆ ਹੈ ਜਦੋਂ ਅਸਾਮੀਆਂ ਦੀ ਭਰਤੀ ਕੀਤੀ ਜਾਵੇਗੀ ਉਸ ਸਮੇਂ ਖਰਚਾ ਪ੍ਰਵਾਨ ਕਰਵਾ ਲਿਆ ਜਾਵੇ। ਇਸ ਮੱਦ ਅਧੀਨ ਪ੍ਰਵਾਨ ਹੋਇਆ ਖਰਚਾ ਕੇਵਲ ਮੌਜੂਦਾ ਪੋਸਟਾ ਲਈ, ਪੈਨਸ਼ਨ ਕੰਟਰੀਬਿਊਸ਼ਨ ਲਈ ਵਰਤਿਆ ਜਾਵੇਗਾ। ਲੰਬਿਤ ਦੇਣਦਾਰੀਆਂ ਪਹਿਲ ਦੇ ਆਧਾਰ ਤੇ ਅਦਾ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।